# DIRECT GRANTS

## ਸਿਧਾ ਅਨੁਦਾਨ

ਸਵੈ-ਏਛਿਕ ਸੰਸਥਾਂਵਾਂ, ਅਤੇ ਸਮੁਦਾਇਕ ਜਥੇਵੰਦਿਯਾਂ ਲਈ ਸਿਧਾ ਅਨੁਦਾਨ ਉਪਲਬਧ ਹੈ। ਸਿਧੇ ਅਨੁਦਾਨ ਦਾ ਇਸਤੇਮਾਲ ਨਵਿਯਾਂ ਗਤਿਵਿਧਿਯਾਂ ਵਾਸਤੇ ਕੀਤਾ ਜਾ ਸਕਦਾ ਹੈ ਜੇੜ੍ਹਿਯਾਂ ਕਿ ਆਰਥਿਕ ਸੁਧਾਰ, ਸਾਮਾਜਿਕ ਅਲੇਹਦਿਗੀ ਨਾਲ ਸੰਘਰਸ਼ ਅਤੇ ਸਥਾਨੀਯ ਨੇਟਵਰਕਿੰਗ ਨੂੰ ਵਧਾਨ ਲਈ ਕਮ ਆਵਣ। ਐਸ ਵੇਲੇ 15,000 ਪਾਊਂਡ ਤਕ ਦਾ ਅਨੁਦਾਨ ਉਪਲਬਧ ਹੈ। ਫ਼ਿਲਹਾਲ ਅਨੁਦਾਨ ਦੀ ਰਕਮ ਸਿਤੰਬਰ 2004 ਤਕ ਖਰਚ ਕਰਨਾ ਜਰੂਰੀ ਹੈ।

Direct Grants Programme (ਸਿਧਾ ਅਨੁਦਾਨ ਪ੍ਰੋਗ੍ਰਾਮ) ਲਈ ਸਕਾਟਿਸ਼ ਯੂਰੋਪੀਯਨ ਸੋਸ਼ਲ ਫੰਡ ਆਬਜੇਕਟਿਵ ੩ ਪ੍ਰੋਗ੍ਰਾਮ, ਕਮਯੂਨਿਟੀਜ਼ ਸਕਾਟਲੈਂਡ ਅਤੇ ਸਕਾਟਿਸ਼ ਏਂਟਰਪ੍ਰਾਇਜ਼ ਨੇਟਵਰਕ ਵਲੋਂ ਧਨ ਪ੍ਰਦਾਨ ਕੀਤਾ ਜਾਂਦਾ ਹੈ।

ਨਿਵੇਦਕ ਸੰਸਥਾਵਾਂ ਲਈ ਜ਼ਰੂਰੀ ਹੈ ਕਿ ਉਹ ਆਬਜੇਕਟਿਵ ੩ ਇਲਾਕੇ ਵਿਚ ਆਧਾਰਿਤ ਹੋਵਣ। ਸਾਨੂ ਅਫ਼ਸੋਸ ਹੈ ਕਿ ਏਹ ਪ੍ਰੋਗ੍ਰਾਮ ਅਜੇ ਹਾਈਲੈਂਡ ਅਤੇ ਆਇਲੈਂਡ ਵਿਚ ਨਹੀਂ ਚਲ ਰਿਹਾ। ਤੁਹਾਡੀ ਸੰਸਥਾ ਐਸ ਅਨੁਦਾਨ ਦੀ ਹਕਦਾਰ ਤਾਂ ਹੀ ਹੋ ਸਕਦੀ ਹੈ ਜੇਕਰ ਉਸਨੂ ਪਿਛਲੇ ਤਿਨ ਸਾਲਾਂ ਵਿਚ ਕਿਸੇ ਵੀ ਸ੍ਰੋਤ ਤੋਂ 75,000 ਪਾਉਂਡ ਤੋਂ ਜ਼ਯਾਦਾ ਮਦਦ ਰਾਸ਼ੀ ਨਾਂ ਮਿਲੀ ਹੋਵੇ।

ਅਸੀ ਸਮੁਦਾਇਕ ਕਾਰਯਕ੍ਰਮ ਵਧਾਣ ਲਈ, ਕਾਬਲਿਯਤ ਜਾਂ ਹੁਨਰ ਵਧਾਣ ਲਈ, ਸਮੁਦਾਇਕ ਉੁਦਮ ਜਾਂ ਸਹਕਾਰੀ ਯਾ ਫਿਰ ਅਲਹਿਦਾ ਪੈ ਗਯੇ ਗ੍ਰੁਪ ਯਾ ਵਿਯਕਤਿਯਾਂ ਦਿਆਂ ਜ਼ਰੂਰਤਾਂ ਪੂਰਿਯਾਂ ਕਰਣ ਲਈ ਅਨੁਦਾਨ ਤੇ ਸਕਦੇ ਹਾਂ। ਲੇਕਿਨ ਅਸੀ ਕਚਾ ਮਾਲ ਜਾਂ ਫਿਰ ਸਮਾਨ ਖਰੀਦਣ ਲਈ ਧਨ ਨਹੀਂ ਦੇ ਸਕਦੇ।

ਜੇਕਰ ਤੁਹਾਨੂੰ ਏਪਲੀਕੇਸ਼ਨ ਫ਼ਾਰਮ ਚਾਹਿਦੇ ਹੋਣ ਤਾਂ ਤੁਸੀ SCVO ਦੀ ਵੇਬਸਾਈਟ (WWW.scvo.org.uk/direct_grants) ਤੋਂ ਯਾ ਫਿਰ SCVO,38 Queen Street, Glasgow, G1 3DX ਤੋਂ ਪ੍ਰਾਪਤ ਕਰ ਸਕਦੇ ਹੋ। ਤੁਹਾਨੂੰ ਏਹ ਏਪਲੀਕੇਸ਼ਨ ਫ਼ਾਰਮ ਅਪਲੇ ਸਥਾਨਕ CVS (ਕਾਉਂਸਿਲ ਫ਼ਾਰ ਵਾਲੰਟਰੀ ਸਰਵਿਸ) ਤੋਂ ਬੀ ਮਿਲ ਸਕਦੇ ਹਨ। ਸਾਢਾ ਮਸ਼ਵਿਰਾ ਏਹੋ ਹੈ ਕਿ ਪਹਲਾਂ ਤੁਸੀ ਅਪਲੇ ਸਥਾਨਕ CVS ਨੂੰ ਹੀ ਸੰਪਰਕ ਕਰੋ।

ਸਿਧੀ ਅਨੁਦਾਨ ਦੇ ਬਾਰੇ ਵਿਚ ਸੂਚਨਾ ਦੇਨ ਲਈ SCVO ਦੇ ਕਰਮਚਾਰੀ ਅਤੇ ਸਾਢੇ ਪ੍ਰਾਂਤਕ ਠੇਕੇਦਾਰ ਇਕ ਵਿਯਾਪਕ ਪ੍ਰੋਗ੍ਰਾਮ ਚਲਾਂਦੇ ਹਨ ਅਤੇ ਅਲਗ ਅਲਗ ਗੁਟਾਂ ਤੇ ਸੰਸਥਾਂਵਾਂ ਨਾਲ ਮੇਲ ਮੁਲਾਕਾਤ ਕਰਦੇ ਹਨ। ਉਹ ਅਨੁਦਾਨ ਵਾਸਤੇ ਯੋਗਯਤਾ ਅਤੇ ਸਾਢੇ ਉੱਦੇਸ਼ਯਾਂ ਨਾਲ ਜੁੜਨ ਬਾਰੇ ਸਲਾਹ ਵੀ ਦੇਂਦੇ ਹਨ । ਏਹਨਾ ਮੁਲਾਕਾਤਾਂ ਦਾ ਰੂਪ ਸਵਰੂਪ ਸੰਭਾਵੀ ਸ੍ਰੋਤਯਾਂ ਦੀ ਜ਼ਰੂਰਤਾਂ ਦੇ ਹਿਸਾਬ ਨਾਲ ਮੁਕਰਰ ਕੀਤਾ ਜਾ ਸਕਦਾ ਹੈ। ਜੇ ਜਰੂਰਤ ਪਵੇ ਤਾਂ ਇਨਾਂ ਮੁਲਾਕਾਤਾਂ ਵਾਸਤੇ SCVO ਅਨੁਵਾਦ ਅਤੇ ਵਿਆਖਿਯਾ ਦਿਯਾਂ ਸੇਵਾ ਵੀ ਮੁਹੈਯਾ ਕਰਵਾ ਸਕਦੇ ਹਨ।

ਜੇਕਰ ਤੁਸੀ ਸਾਢੇ ਡੇਵੇਲਪਮੈਂਟ ਅਫ਼ਸਰ ਨੂੰ ਮਿਲਣਾ ਚਾਹੋ ਜਾਂ ਫਿਰ ਸਿਧੇ ਅਨੁਦਾਨ ਪ੍ਰੋਗ੍ਰਾਮ ਵਿਚ ਅਪਣੀ ਪ੍ਰੇਜ਼ੇਨਟੇਸ਼ਨ ਕਰਨਾ ਚਾਹੋ ਤਾਂ ਸਾਢੇ ਨਾਲ SCVO, 38, Queen Street, Glasgow G1 3DX (ਟੇਲੀਫ਼ੋਨ ਨੰਬਰ 0141 225 8010) ਰਾਬਤਾ ਬਣਾਓ।